**Punjab Government Initiative under Ghar Ghar Rozgar**

pstcl

**ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ**

**(ਰਜਿਸਟਰਡ ਆਫਿਸ, ਪੀ.ਐੱਸ.ਈ.ਬੀ., ਹੈੱਡ ਆਫਿਸ, ਦੀ ਮਾਲ, ਪਟਿਆਲਾ- 147001, ਪੰਜਾਬ )**

**ਕਾਰਪੋਰੇਟ ਆਡੈਂਟਟੀ ਨੰਬਰ:U40109PB2010SGC033814**

# ਜਨਤਕ ਨੋਟਿਸ

## ਸਹਾਇਕ ਲਾਈਨਮੈਨ (ਏ.ਐਲ.ਐਮ.) ਅਤੇ ਸਹਾਇਕ ਸਬ-ਸਟੇਸ਼ਨ ਅਟੈਂਡੈਂਟ (ਏ.ਐਸ.ਐਸ.ਏ) ਦੀ ਭਰਤੀ ਸੰਬੰਧੀ

ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਟੀ.ਸੀ.ਐਲ.) ਪੰਜਾਬ ਸਰਕਾਰ ਅਧੀਨ ਪਾਵਰ ਟ੍ਰਾਂਸਮਿਸ਼ਨ ਕੰਪਨੀ ਦੁਆਰਾ ਹੇਠ ਦਰਸਾਏ ਅਨੁਸਾਰ ਅਸਾਮੀਆਂ ਦੀ ਭਰਤੀ ਲਈ ਆਨਲਾਈਨ ਬਿਨੈ ਪੱਤਰਾਂ ਦੀ ਮੰਗ ਕੀਤੀ ਜਾਣੀ ਹੈ :-

| Sr No. | Name of the Post | No of posts (Tentative) |
|---|---|---|
| 1 | ਸਹਾਇਕ ਲਾਈਨਮੈਨ | 350 |
| 2 | ਸਹਾਇਕ ਸਬ-ਸਟੇਸ਼ਨ ਅਟੈਂਡੈਂਟ | 150 |

**ਨੋਟ**

1. ਉਪਰੋਕਤ ਦਰਸਾਈਆਂ ਅਸਾਮੀਆਂ ਦੀ ਗਿਣਤੀ ਅੰਦਾਜ਼ਨ ਹੈ ਅਤੇ ਇਨ੍ਹਾਂ ਅਸਾਮੀਆਂ ਨੂੰ ਪੀ.ਐੱਸ.ਟੀ.ਸੀ.ਐੱਲ. ਦੀ ਲੋੜ ਅਨੁਸਾਰ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ।

2. ਉਪਰੋਕਤ ਭਰਤੀ ਪੂਰਨ ਰੂਪ ਵਿੱਚ ਪੀ.ਐਸ.ਟੀ.ਸੀ.ਐਲ ਵੱਲੋਂ ਲਈ ਜਾਣ ਵਾਲੀ ਲਿਖਿਤ ਪ੍ਰੀਖਿਆ ਉਪਰੰਤ ਪ੍ਰਾਪਤ ਹੋਏ ਅੰਕਾਂ ਦੇ ਆਧਾਰ ਤੇ ਬਣਾਈ ਜਾਣ ਵਾਲੀ ਮੈਰਿਟ ਅਨੁਸਾਰ ਕੀਤੀ ਜਾਵੇਗੀ।

3. ਵਿੱਤ ਵਿਭਾਗ (ਵਿੱਤ ਸ਼ਾਖਾ-1),ਪੰਜਾਬ ਸਰਕਾਰ ਵੱਲੋਂ ਪੱਤਰ ਨੰ: 7/42/2020-5FP1/741-746, ਚੰਡੀਗੜ੍ਹ, ਮਿਤੀ 17.07.2020 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਇਸ ਅਹੁਦੇ ਤੇ ਭੁਗਤਾਨ ਕੀਤੇ ਜਾਣ ਵਾਲੇ ਤਨਖਾਹ ਸਕੇਲ ਕੇਂਦਰੀ ਸੱਤਵੇਂ ਪੇਅ ਕਮੀਸ਼ਨ ਦੀਆਂ ਸਿਫਾਰਸ਼ਾਂ ਮੁਤਾਬਿਕ ਭਾਰਤ ਸਰਕਾਰ ਵਿੱਚ ਉਕਤ ਕੇਡਰ ਨੂੰ ਮੰਨਣਯੋਗ ਤਨਖਾਹ ਸਕੇਲ ਤੋਂ ਵੱਧ ਨਹੀਂ ਹੋਣਗੇ।ਇਹ ਸਕੇਲ ਬਾਅਦ ਵਿੱਚ ਸੂਚਿਤ ਕਰ ਦਿੱਤੇ ਜਾਣਗੇ।(*ਪੰਜਾਬ ਸਰਕਾਰ ਦੀਆਂ ਸਮੇਂ ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ)

4. ਉਮੀਦਵਾਰ ਪੀ.ਐੱਸ.ਟੀ.ਸੀ.ਐੱਲ. ਦੀ ਵੈੱਬਸਾਈਟ **www.pstcl.org**. ਰਾਹੀਂ ਆਨਲਾਈਨ ਅਪਲਾਈ ਕਰ ਸਕਦੇ ਹਨ। ਵਿਸਥਾਰ ਪੂਰਵਕ ਵਿਗਿਆਪਨ ਸਮੇਤ ਯੋਗਤਾ, ਪੇ-ਸਕੇਲ, ਨਿਯੁਕਤੀ ਪ੍ਰਕ੍ਰਿਆ ਅਤੇ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਜਲਦ ਹੀ ਪੀ.ਐੱਸ.ਟੀ.ਸੀ.ਐੱਲ. ਦੀ ਵੈੱਬਸਾਈਟ ਤੇ ਆਨਲਾਈਨ ਰਜਿਸਟ੍ਰੇਸ਼ਨ ਸ਼ੁਰੂ ਕਰਨ ਸਮੇਂ ਉੱਪਲੱਬਧ ਹੋਣਗੀਆਂ। ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਤਾਜ਼ਾ ਸਥਿਤੀ ਲਈ ਪੀ.ਐੱਸ.ਟੀ:ਸੀ.ਐੱਲ. ਦੀ ਵੈੱਬਸਾਈਟ ਦੇ ਸੰਪਰਕ ਵਿੱਚ ਰਹਿਣ।

5. ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਬਿਨੈ-ਪੱਤਰ ਰਜਿਸਟਰ ਕਰਨ ਲਈ ਆਖਰੀ ਮਿਤੀ ਅਤੇ ਸਮੇਂ ਦੀ ਉਡੀਕ ਨਾ ਕਰਨ ਅਤੇ ਆਪਣੇ ਬਿਨੈ-ਪੱਤਰ ਸਮਾਂ ਰਹਿੰਦੇ ਰਜਿਸਟਰ ਕਰਵਾ ਦੇਣ। ਜੇਕਰ ਕੋਈ ਉਮੀਦਵਾਰ ਆਖਰੀ ਸਮੇਂ ਤੇ ਹੋਏ ਰੱਸ਼ ਕਾਰਨ ਆਪਣਾ ਬਿਨੈ-ਪੱਤਰ ਰਜਿਸਟਰ ਨਾ ਕਰਵਾ ਸਕਿਆ ਤਾਂ ਪੀ.ਐੱਸ.ਟੀ.ਸੀ.ਐੱਲ. ਜਿੰਮੇਵਾਰ ਨਹੀਂ ਹੋਵੇਗਾ।

ਮਿਤੀ: 5/4/21

05/4/2021

ਮੁੱਖ ਇੰਜੀ:/ ਐੱਚ.ਆਈ.ਐੱਸ ਅਤੇ ਡੀ,

ਪੀ.ਐੱਸ.ਟੀ.ਸੀ.ਐੱਲ.,ਪਟਿਆਲਾ